بِسۡمِ اللّٰہِ الرَّحۡمٰنِ الرَّحِیۡمِ نَحۡمَدُہٗ وَنُصَلِّیۡ عَلٰی رَسُوۡلِہِ الۡکَرِیۡمِ وَعَلٰی عَبۡدِہِ الۡمَسِیۡحِ الۡمَوۡعُوۡدِ

# ਖ਼ੁਲਾਸਾ ਖ਼ੁਤਬਾ ਜੁਮਆ 02.08.2019

**ਵੱਲੋਂ : ਨਜ਼ਾਰਤ ਨਸ਼ਰੋ ਇਸ਼ਾਅਤ ਕਾਦੀਆਂ**

**ਮਹਿਮਾਨ ਨਵਾਜ਼ੀ (ਪ੍ਰਾਹੁਣਾਚਾਰੀ) ਰੱਬ ਨੂੰ ਵੀ ਪਸੰਦ ਹੈ, ਐਨ੍ਹੀ ਪਸੰਦ ਹੈ ਕਿ ਰੱਬ ਨੇ ਇਸ ਦਾ ਵਰਨਣ ਹਜ਼ਰਤ ਇਬਰਾਹੀਮ ਅਲੈਹਿ ਸਲਾਮ ਦੇ ਹਵਾਲੇ ਨਾਲ ਕੁਰਆਨ ਕਰੀਮ ਵਿੱਚ ਦੋ ਵਾਰ ਕੀਤਾ ਹੈ**

---

**ਆਂਹਜ਼ਰਤ ਸਲਲੱਾਹੁ ਅਲੈਹਿ ਵਸਲੱਮ ਦਾ ਜੀਵਨ ਚਰਿਤੱਰ ਇਸ ਬਾਰੇ ਸਾਡੇ ਸਾਹਮਣੇ ਹੈ, ਆਂਹਜ਼ਰਤ ਸਲਲੱਾਹੁ ਅਲੈਹਿ ਵਸਲਮੱ ਨੇ ਰੱਬ ਅਤੇ ਯੌਮਿ ਆਖ਼ਰਤ ਉਪੱਰ ਇਮਾਨ ਲਿਆਉਣ ਵਾਲਿਆਂ ਨੂੰ ਜਿਹੜੀਆਂ ਤਿੰਨ ਗਲੱਾਂ ਕਰਨ ਦਾ ਹੁਕੁਮ ਫ਼ਰਮਾਇਆ ਹੈ, ਉਹਨਾਂ ਵਿੱਚੋਂ ਤੀਜੀ ਗੱਲ ਇਹ ਦੱਸੀ ਕਿ ਆਪਣੇ ਮਹਿਮਾਨ ਦਾ ਸਨਮਾਨ ਕਰੋ**

---

**ਇਕ ਸੁੰਦਰ ਤੇ ਸ਼ਾਂਤੀ ਭਰਪੂਰ ਸਮਾਜ ਦੀ ਸਥਾਪਨਾ ਲਈ ਇਕ ਬੁਨਿਆਦ ਹਨ, ਰੱਬ ਦੇ ਆਦੇਸ਼ਾਂ ਵਿੱਚੋਂ ਇਹ ਆਦੇਸ਼ ਹਨ ਅਤੇ ਮੋਮਿਨ ਦੀ ਇਹ ਨਿਸ਼ਾਨੀ ਹੈ**

**ਸਯੱਦਨਾ ਹਜ਼ਰਤ ਅਮੀਰੁਲ ਮੋਮਿਨੀਨ ਖ਼ਲੀਫ਼ਾਤੁਲ ਮਸੀਹ ਖ਼ਾਮਿਸ ਅਯੱਦਾਹੁਲੱਾਹ ਤਆਲਾ ਬਿ ਨਸਰਿਹਿਲ ਅਜ਼ੀਜ਼ ਦੇ ਜੁਮਏ ਦੇ ਖ਼ੁਤਬੇ ਦਾ ਸਾਰ ਜੋ ਆਪ ਜੀ ਨੇ 2 ਅਗਸਤ 2019 ਈ. ਨੂੰ ਹਦੀਕਾਤੁਲ ਮਹਦੀ, ਜਲਸਾਗਾਹ, ਅਲਟਨ (ਬਰਤਾਨੀਆ) ਵਿੱਚ ਦਿੱਤਾ**

ਤਸ਼ੱਹੁਦ, ਤਊਜ਼ ਅਤੇ ਸੂਰਤ ਫ਼ਾਤਿਹਾ ਦੀ ਤਲਾਵਤ ਦੇ ਬਾਦ ਹਜ਼ੂਰ ਅਨਵਰ ਅਯੱਦਾਹੁਲੱਾਹ ਤਆਲਾ ਬਿ ਨਸਰਿਹਿਲ ਅਜ਼ੀਜ਼ ਨੇ ਫ਼ਰਮਾਇਆ :

ਅਲੱਾਹ ਤਆਲਾ ਅੱਜ ਸਾਨੂੰ ਫਿਰ ਜਲਸਾ ਸਾਲਾਨਾ ਯੂ.ਕੇ. ਵਿੱਚ ਭਾਗ ਲੈਣ ਦਾ ਸੁਭਾਗ ਪ੍ਰਦਾਨ ਕਰ ਰਿਹਾ ਹੈ । ਪਿਛਲੇ ਮਹੀਨੇ ਜਰਮਨੀ, ਕੈਨਾਡਾ ਅਤੇ ਅਮਰੀਕਾ ਦਾ ਜਲਸਾ ਹੋਇਆ ਅਤੇ ਦੁਨੀਆ ਦੇ ਹੋਰਨਾ ਵਧੇਰੇ ਦੇਸ਼ਾਂ ਵਿੱਚ ਵੀ ਜਲਸੇ ਹੋਏ । ਵੱਡੀ ਮਹਾਨਤਾ ਨਾਲ ਹਰ ਥਾਂ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਦੇ ਨਾਲ ਰੱਬ ਦੇ ਪੱਖ ਹੋਣ ਦੀਆਂ ਤੇ ਸਹਾਇਤਾ ਦੇ ਵਾਦੇ ਪੂਰੇ ਹੁੰਦੇ ਦੇਖਦੇ ਹਨ । ਪਰ ਫਿਰ ਵੀ ਯੂਕੇ ਦੇ ਸਾਲਾਨਾ ਜਲਸੇ ਦੀ ਇਕ ਆਪਣੀ ਸ਼ਾਨ ਬਣ ਚੁਕੀ ਹੈ ਕਿ ਦੁਨੀਆਂ ਦੀ ਦ੍ਰਿਸ਼ਟੀ ਇਸ ਵੱਲ ਰਹਿੰਦੀ ਹੈ । ਆਪਣਿਆਂ ਦੀ ਵੀ ਅਤੇ ਗ਼ੈਰਾਂ ਦੀ ਵੀ । ਹਰ ਇਕ ਪੱਖੋਂ ਇਸ ਜਲਸੇ ਨੂੰ ਅੰਤਰ ਰਾਸ਼ਟਰੀ ਮਹਤੱਾ ਦਿੱਤੀ ਜਾਣ ਲੱਗੀ ਹੈ ਕਿਉਂਕਿ ਖ਼ਿਲਾਫ਼ਤ ਦਾ ਕੇਂਦਰ

ਇੱਥੇ ਹੈ । ਸੋ, ਇਸ ਪੱਖੋਂ ਦੁਨੀਆਂ ਵੱਖ ਵੱਖ ਦੇਸ਼ਾਂ ਵਿੱਚੋਂ ਆਪਣੇ ਵੀ ਅਤੇ ਗ਼ੈਰ ਵੀ ਯੂਕੇ ਦੇ ਸਾਲਾਨ ਜਲਸੇ ਵਿੱਚ ਸ਼ਾਮਲ ਹੋਣ ਲਈ ਜਤਨ ਕਰਦੇ ਹਨ । ਇਸ ਪੱਖੋਂ ਇੱਥੋਂ ਦੇ ਜਲਸੇ ਦੇ ਵਰਕਰਾਂ (ਕਾਰਕੁਨਾ) ਦੀ ਜ਼ਿੱਮੇਦਾਰੀ ਹੋਰ ਵੀ ਵੱਧ ਜਾਂਦੀ ਹੈ । ਫਿਰ ਇੱਥੇ ਜੋ ਇਹ ਆਰਜ਼ੀ (ਅਸਥਾਈ) ਸ਼ਹਿਰ ਬਣਾਇਆ ਗਿਆ ਹੈ, ਹਦੀਕਾਤੁਲ ਮਹਦੀ ਵਿੱਚ ਇਸ ਦੇ ਪ੍ਰਬੰਧ ਵੀ ਵਿਸ਼ੇਸ਼ ਧਿਆਨ ਦਾ ਤਕਾਦਾ ਕਰਦੇ ਹਨ । ਸੋ ਇਸ ਪੱਖੋਂ ਜਿਵੇਂ ਕਿ ਮੈਂ ਕਾਰਕੁਨਾ ਨੂੰ ਉਹਨਾ ਦੀਆਂ ਡਿਊਟੀਆਂ ਅਤੇ ਜ਼ਿੱਮੇਦਾਰੀਆਂ ਵੱਲ ਧਿਆਨ ਦੁਆਇਆ ਕਰਦਾ ਹਾਂ, ਇਸ ਸਮੇਂ ਇਸੇ ਹਵਾਲੇ ਨਾਲ ਪਹਿਲਾਂ ਗੱਲ ਕਰਾਂਗਾ ।

ਰੱਬ ਦੀ ਮਿਹਰ ਨਾਲ ਯੂ.ਕੇ. ਵਿੱਚ ਰਹਿਣ ਵਾਲੇ ਅਹਮਦੀ ਬ੍ਰਿਧ, ਜਵਾਨ, ਬੱਚੇ, ਇਸਤ੍ਰੀਆਂ ਅਤੇ ਲੜਕੀਆਂ ਬੀਤੇ 35 ਸਾਲ ਤੋਂ ਜੱਦ ਤੋਂ ਖ਼ਿਲਾਫ਼ਤ ਦੇ ਕੇਂਦਰ ਇੱਥੇ ਪ੍ਰਵਰਤਿਤ ਅਤੇ ਜਲਸਿਆਂ ਦਾ ਆਯੋਜਨ ਸਮੇਂ ਦੇ ਖ਼ਲੀਫ਼ਾ ਦੀ ਹਾਜ਼ਰੀ ਵਿੱਚ ਹੋਇਆ, ਜਲਸੇ ਦੇ ਪ੍ਰਬੰਧ ਕਰ ਰਹੇ ਹਨ ਅਤੇ ਡਿਊਟੀਆਂ ਬਹੁਤ ਹੀ ਖ਼ੁਸ਼ੀ ਨਾਲ ਦੇ ਰਹੇ ਹਨ । ਅੱਜ ਅਸੀਂ ਦੇਖਦੇ ਹਾਂ ਕਿ ਪ੍ਰਬੰਧਾਂ ਵਿੱਚ ਇੱਥੋਂ ਦੇ ਕਾਰਕੁਨ ਸ਼ਾਇਦ ਰਬਵਾ ਦੇ ਕਾਰਕੁਨਾ ਦੀ ਮਦਦ ਦੀ ਯੋਗਤਾ ਵੀ ਰਖੱਦੇ ਹਨ । ਕਿੱਥੇ ਉਹ ਸਮਾਂ ਸੀ ਕਿ ਚਾਰ ਪੰਜ ਹਜ਼ਾਰ ਲੋਕਾਂ ਨੂੰ ਖਾਣਾ ਖੁਆਉਂਣਾ ਪ੍ਰਬੰਧਕਾਂ ਲਈ ਇਕ ਚੈਲੰਜ ਹੁੰਦਾ ਸੀ ਅਤੇ 90 ਪ੍ਰਤੀਸ਼ਤ ਰੋਟੀ ਬਜ਼ਾਰੋਂ ਖ਼ਰੀਦੀ ਜਾਂਦੀ ਸੀ ਅਤੇ ਕਿੱਥੇ ਹੁਣ ਰੱਬ ਦੀ ਮਿਹਰ ਨਾਲ ਪੈਂਤੀ ਚਾਲ੍ਹੀ ਹਜ਼ਾਰ ਲੋਕਾਂ ਲਈ ਰੋਟੀ ਆਪ ਪਕਾਉਂਦੇ ਹਨ । ਲਖੱਾਂ ਦੀ ਗਿਣਤੀ ਵਿੱਚ ਰੋਟੀ ਪਕੱਦੀ ਹੈ । ਮੈਂ ਆਪ ਸਮੇਂ ਸਮੇਂ ਚੈਕ ਵੀ ਕੀਤਾ, ਲੋਕਾਂ ਨੂੰ ਪਸੰਦ ਵੀ ਆਈ ਅਤੇ ਮੈਂ ਵੀ ਇਸ ਰੋਟੀ ਨੂੰ ਪਸੰਦ ਕਰਦਾ ਹਾਂ । ਪਹਿਲਾਂ ਜੋ ਰੋਟੀ ਪਕਦੀ ਸੀ, ਉਸ ਤੋਂ ਬਹੁਤ ਚੰਗੀ ਰੋਟੀ ਹੈ । ਰੱਬ ਇਹਨਾ ਨੌਜੁਆਨਾ ਨੂੰ ਜੋ ਇਹ ਕੰਮ ਕਰ ਰਹੇ ਹਨ, ਇਹਨਾ ਦੇ ਹੁਨਰ ਵਿੱਚ ਹੋਰ ਵੀ ਵਾਧਾ ਕਰੇ ਤੇ ਇਹਨਾ ਨੂੰ ਸੋਝੀ ਪ੍ਰਦਾਨ ਕਰੇ ਅਤੇ ਇਸ ਕੰਮ ਵਿੱਚ ਵਧਾਉਂਦਾ ਚਲਾ ਜਾਏ ਕਿ ਜਲਸੇ ਦੇ ਮਹਿਮਾਨਾ ਦੀ ਪਹਿਲਾਂ ਤੋਂ ਵਧੱਕੇ ਸੇਵਾ ਕਰਨ ਵਾਲੇ ਹੋਣ ।

ਇਸੇ ਪ੍ਰਕਾਰ ਲੰਗਰਖ਼ਾਨੇ ਵਿੱਚ ਜੋ ਖਾਣਾ ਪਕਾਉਣ ਦੀਆਂ ਟੀਮਾਂ ਹਨ ਉਹ ਆਪਣੇ ਇੰਚਾਰਜ ਸਾਹਿਬਾਨ ਦੇ ਨਾਲ ਬਹੁਤ ਲਗਨ ਤੇ ਮਿਹਨਤ ਨਾਲ ਕੰਮ ਕਰ ਰਹੇ ਹਨ । ਫਿਰ ਲੰਗਰਖ਼ਾਨੇ ਨਾਲ ਦੇਗਾਂ ਧੋਣ ਦਾ ਵਿਭਾਗ ਹੈ। ਇਹ ਵੀ ਇਕ ਬਹੁਤ ਵਡੱਾ ਤੇ ਕੜੀ ਮਿਹਨਤ ਦਾ ਕੰਮ ਹੈ ਕਾਦੀਆਂ ਵਿੱਚ ਤਾਂ ਇਹ ਕੰਮ ਮਜ਼ਦੂਰਾਂ ਨੂੰ ਮਜ਼ਦੂਰੀ ਦੇਕੇ ਕਰਵਾਇਆ ਜਾਂਦਾ ਸੀ, ਪਰ ਇੱਥੇ ਬਹੁਤ ਆਸਥਾ ਦੇ ਭਾਵਨਾਵਾਂ ਨਾਲ ਕਾਰਕੁਨ (ਸੇਵਕ) ਇਹ ਕੰਮ ਕਰਦੇ ਹਨ । ਫਿਰ ਖਾਣਾ ਖੁਆਉਣ ਦਾ ਵਿਭਾਗ ਹੈ ਇਸ ਵਿੱਚ ਵੀ ਇਸ ਵਾਰ ਇਹਨਾ ਨੇ ਬਿਹਤਰੀ ਲਿਆਉਣ ਨਾ ਜਤਨ ਕੀਤਾ ਹੈ। ਮਾਰਕੀਆਂ ਵੱਡੀਆਂ ਕੀਤੀਆਂ ਹਨ ਤਾਂ ਜੋ ਮਹਿਮਾਨਾ ਨੂੰ ਆਰਾਮ ਨਾਲ ਅਤੇ ਘੱਟ ਸਮੇਂ ਵਿੱਚ ਖਾਣਾ ਖੁਆਇਆ ਜਾ ਸਕੇ ।

ਫਿਰ ਦੂਜੇ ਵਿਭਾਗ ਹਨ ਸਵਛੱਤਾ ਤੇ ਸਫ਼ਾਈ ਦਾ ਵਿਭਾਗ ਹੈ, ਕਾਰ ਪਾਰਕਿੰਗ ਦਾ ਵਿਭਾਗ ਹੈ, ਟ੍ਰੈਫ਼ਿਕ ਦਾ ਵਿਭਾਗ ਹੈ । ਜਲਸਾਗਾਹ ਦੇ ਅੰਦਰ ਦੇ ਵੱਖ ਵੱਖ ਵਿਭਾਗ ਹਨ । ਸਿਕਿਓਰਟੀ ਦਾ ਇਕ ਬਹੁਤ ਵਡੱਾ ਤੇ ਮਹਤੱਵ ਪੂਰਨ ਵਿਭਾਗ ਹੈ ਅਤੇ ਇਸੇ ਪ੍ਰਕਾਰ ਭਿੰਨ ਭਿੰਨ ਵਿਭਾਗ ਹਨ । ਆਪਣੀ ਆਪਣੀ ਥਾਂ ਹਰ ਵਿਭਾਗ ਹੀ ਬਹੁਤ ਮਹਤੱਵ ਪੂਰਨ ਹੈ । ਇਹਨਾ ਸਾਰਿਆਂ ਵਿਭਾਗਾਂ ਵਿੱਚ ਕੰਮ ਕਰਨ ਦੀ ਤੌਫ਼ੀਕ ਕਾਰਕੁਨਾ (ਸੇਵਕਾਂ) ਨੂੰ ਮਿਲ ਰਹੀ ਹੈ । ਇਸੇ ਪ੍ਰਕਾਰ ਇਸਤਰੀ ਕਾਰਕੁਨ (ਸੇਵਿਕਾਵਾਂ) ਹਨ ਜਿੰਨ੍ਹਾ ਨੂੰ ਕੰਮ ਕਰਨ ਦੀ ਤੌਫ਼ੀਕ ਮਿਲ ਰਹੀ ਹੈ । ਅਲੱਾਹ ਤਆਲਾ ਇਹਨਾ ਸਾਰਿਆਂ ਨੂੰ ਸੁੰਦਰ ਤੇ ਸੁਚੱਜੇ ਢੰਗ ਨਾਲ ਕੰਮ ਕਰਨ ਦੀ ਤੌਫ਼ੀਕ ਪ੍ਰਦਾਨ ਕਰੇ ਅਤੇ ਜਿਵੇਂ ਕਿ ਮੈਂ ਹਮੇਸ਼ਾਂ ਕਾਰਕੁਨਾਂ ਨੂੰ ਕਿਹਾ ਕਰਦਾ ਹਾਂ ਕਿ ਆਪਦਾ ਕੰਮ ਹੈ ਕਿ ਜਿਸ ਸ਼ੌਕ, ਭਾਵਨਾ ਤੇ ਜਜ਼ਬੇ ਨਾਲ ਆਪਨੇ

ਆਪਣੇ ਆਪ ਨੂੰ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਦੇ ਮਹਿਮਾਨਾ ਦੀ ਸੇਵਾ ਲਈ ਪੇਸ਼ ਕੀਤਾ ਹੈ ਇਸ ਭਾਵਨਾ ਤੇ ਜਜ਼ਬੇ ਨੂੰ ਅਖ਼ੀਰ ਸਮੇਂ ਤੱਕ ਕਾਇਮ ਰਖੱਣਾ ਹੈ । ਇਸ ਗੱਲ ਦਾ ਪ੍ਰਕਟਨ ਕਿ ਇਸ ਭਾਵਨਾ ਤੇ ਜਜ਼ਬੇ ਨੂੰ ਆਪ ਨੇ ਕਾਇਮ ਰੱਖਿਆ ਹੈ ਆਪ ਲੋਕਾਂ ਦੇ ਚਿਹਰਿਆਂ ਦੀਆਂ ਮੁਸਕਰਾਹਟਾਂ ਤੇ ਮਹਿਮਾਨਾ ਨਾਲ ਸਨਮਾਨ ਨਾਲ ਪੇਸ਼ ਆਉਣ ਨਾਲ ਹੋਵੇਗਾ । ਸੋ, ਸੇਵਕ ਤੇ ਸੇਵਿਕਾਵਾਂ ਜੋ ਇਸ ਜਲਸੇ ਦੇ ਮਹਿਮਾਨਾ ਦੀ ਸੇਵਾ ਲਈ ਵੱਖ ਵੱਖ ਥਾਈਂ ਸੇਵਾ ਕਰਨ'ਤੇ ਲੱਗੇ ਹੋਏ ਹਨ ਹਮੇਸ਼ਾ ਇਸ ਗੱਲ ਨੂੰ ਚੇਤੇ ਰਖੱਣ ਕਿ ਉਹ ਇਸ ਜਲਸੇ ਵਿੱਚ ਦੁਹਰਾ ਪੁੰਨ ਕਮਾ ਰਹੇ ਹਨ ਅਤੇ ਬਰਕਤਾਂ ਤੋਂ ਲਾਭਵੰਤ ਹੋ ਰਹੇ ਹਨ । ਮਹਿਮਾਨ ਨਵਾਜ਼ੀ ਰੱਬ ਨੂੰ ਵੀ ਪਸੰਦ ਹੈ । ਐਨ੍ਹੀ ਪਸੰਦ ਹੈ ਕਿ ਰੱਬ ਨੇ ਇਸ ਦਾ ਵਰਨਣ ਹਜ਼ਰਤ ਇਬ੍ਰਾਹੀਮ ਅਲੈਹਿ ਸਲਾਮ ਦੇ ਹਵਾਲਿਆਂ ਨਾਲ ਕੁਰਆਨ ਕਰੀਮ ਵਿੱਚ ਦੋ ਵਾਰ ਕੀਤਾ ਹੈ । ਜੇਕਰ ਮਹਿਮਾਨਾਂ ਨੂੰ ਖਾਣਾ ਪੇਸ਼ ਕਰਨਾ ਕੋਈ ਸਧਾਰਣ ਗੱਲ ਹੁੰਦੀ ਤਾਂ ਮਹਿਮਾਨਾ ਦੇ ਆਉਣ ਦੇ ਵਰਨਣ ਵਿੱਚ ਹਰ ਵਾਰ ਖਾਣਾ ਪੇਸ਼ ਕਰਨ ਦਾ ਵਰਨਣ ਨ ਹੁੰਦਾ ।

ਆਂਹਜ਼ਰਤ ਸਲਲੱਾਹੁ ਅਲੈਹਿ ਵਸਲਮ ਦਾ ਜੀਵਨ ਚਰਿਤੱਰ ਇਸ ਬਾਰੇ ਸਾਡੇ ਸਾਹਮਣੇ ਹੈ । ਆਂਹਜ਼ਰਤ ਸਲਲੱਾਹੁ ਅਲੈਹਿ ਵਸਲਮ ਨੇ ਰੱਬ ਅਤੇ ਯੌਮਿ ਆਖ਼ਰਤ ਉਪੱਰ ਇਮਾਨ ਲਿਆਉਣ ਵਾਲਿਆਂ ਨੂੰ ਜਿਹੜੀਆਂ ਤਿੰਨ ਗਲੱਾਂ ਦੇ ਕਰਨ ਦਾ ਹੁਕਮ ਫ਼ਰਮਾਇਆ ਹੈ ਉਹ ਸਾਰੀਆਂ ਅਜਿਹੀਆਂ ਹਨ ਜੋ ਇਸ ਦੂਜੇ ਦੇ ਹਕੱਾਂ ਨਾਲ ਸੰਬੰਧ ਰਖੱਦੀਆਂ ਹਨ । ਸਮਾਜ ਨੂੰ ਸ਼ਾਂਤੀਪੂਰਨ ਬਣਾਈ ਰਖੱਣ ਨਾਲ ਸੰਬੰਧ ਰਖੱਦੀਆਂ ਹਨ । ਪਹਿਲੀ ਇਹ ਗੱਲ ਹੈ ਕਿ ਚੰਗੀ ਗੱਲ ਕਰੋ ਜਾਂ ਚੁੱਪ ਰਹੋ, ਵਿਅਰਥ ਗਲੱਾਂ ਕਰਕੇ ਅਸ਼ਾਂਤੀ ਪੈਦਾ ਨ ਕਰੋ, ਆਪੋ ਵਿੱਚ ਕੀਨੇ ਤੇ ਵੈਰ ਪੈਦਾ ਨ ਕਰੋ। ਇਕ ਮੋਮਿਨ ਵਿਅਰਥ ਤੇ ਬੇਹੂਦਾ (ਅਸ਼ਲੀਲ) ਗਲੱਾਂ ਨਹੀਂ ਕਰਦਾ । ਦੂਜਾ ਇਹ ਕਿ ਆਪਣੇ ਗਵਾਂਢੀਆਂ ਦਾ ਸਨਮਾਨ ਕਰੋ ਕਿਉਂਕਿ ਗਵਾਂਢੀਆਂ ਦਾ ਬਹੁਤ ਹੱਕ ਹੁੰਦਾ ਹੈ ਕਿ ਉਸ ਦਾ ਸਨਮਾਨ ਕੀਤਾ ਜਾਏ ਅਤੇ ਉਸ ਦਾ ਖ਼ਿਆਲ ਰੱਖਿਆ ਜਾਏ । ਤੀਜੀ ਗੱਲ ਇਹ ਦੱਸੀ ਕਿ ਆਪਣੇ ਮਹਿਮਾਨਾ ਦਾ ਸਨਮਾਨ ਕਰੋ । ਹੁਣ ਇਹ ਵਿਸ਼ੇਸ਼ ਤੌਰ'ਤੇ ਮੇਜ਼ਬਾਨਾ ਲਈ ਹੈ । ਇਕ ਸੁੰਦਰ ਤੇ ਸ਼ਾਂਤੀ ਭਰਪੂਰ ਵਾਤਾਵਰਣ ਦੀ ਸਥਾਪਨਾ ਲਈ ਨੀਂਹ ਹਨ । ਰੱਬ ਦੇ ਆਦੇਸ਼ਾਂ ਵਿੱਚੋਂ ਆਦੇਸ਼ ਹਨ ਅਤੇ ਮੋਮਿਨ ਦੀ ਇਹ ਨਿਸ਼ਾਨੀ ਦੱਸੀ ਹੈ । ਆਂਹਜ਼ਰਤ ਸਲਲੱਾਹੁ ਅਲੈਹਿ ਵਸਲੱਮ ਦੇ ਕੋਲ ਜੱਦ ਬਹੁਤੇ ਮਹਿਮਾਨ ਆਉਂਦੇ ਸਨ ਤਾਂ ਸਹਾਬਾ ਵਿੱਚ ਵੰਡ ਦਿਆ ਕਰਦੇ ਸਨ ਅਤੇ ਫਿਰ ਮਹਿਮਾਨਾ ਨੂੰ ਪੁੱਛਿਆ ਵੀ ਕਰਦੇ ਸਨ ਕਿ ਕੀ ਤੁਹਾਡੇ ਭਰਾਵਾਂ ਨੇ ਤੁਹਾਡੀ ਚੰਗੀ ਮਹਿਮਾਨ ਨਵਾਜ਼ੀ ਕੀਤੀ ਅਤੇ ਫਿਰ ਸਹਾਬੀ ਵੀ ਆਂਹਜ਼ਰਤ ਸਲਲੱਾਹੁ ਅਲੈਹਿ ਵਸਲੱਮ ਦੀ ਸੰਗਤ ਤੇ ਸੀਖ ਸਿੱਖਿਆ ਪ੍ਰਾਪਤ ਸਨ ਆਪ ਤੋਂ ਫ਼ੈਜ਼ ਪਾਉਣ ਵਾਲੇ ਸਨ ਉਹ ਅਜਿਹੀ ਮਹਿਮਾਨ ਨਵਾਜ਼ੀ ਕਰਦੇ ਸਨ ਕਿ ਮਹਿਮਾਨ ਉੱਤਰ ਦਿਆ ਕਰਦੇ ਸਨ ਕਿ ਸਾਨੂੰ ਸਾਡੇ ਮੇਜ਼ਬਾਨਾ ਨੇ ਆਪਣੇ ਤੋਂ ਚੰਗਾ ਰੱਖਿਆ ਅਤੇ ਆਪਣੇ ਚੰਗਾ ਖੁਆਇਆ । ਤਾਂ ਇਹ ਤਰੀਕੇ ਸਨ ਆਂਹਜ਼ਰਤ ਸਲਲੱਾਹੁ ਅਲੈਹਿ ਵਨਲੱਮ ਦੇ ਸਹਾਬਾ ਦੀ ਮਹਿਮਾਨ ਨਵਾਜ਼ੀ ਦੇ ।

ਹਜ਼ੂਰ ਅਨਵਰ ਨੇ ਫ਼ਰਮਾਇਆ : ਅਸੀਂ ਇਸੇ ਗੱਲ ਲਈ ਨਿਯੁਕਤ ਕੀਤੇ ਗਏ ਹਾਂ ਕਿ ਮਹਿਮਾਨਾ ਦੀ ਵਿਸ਼ੇਸ਼ ਰੂਪ ਵਿੱਚ ਮਹਿਮਾਨ ਨਵਾਜ਼ੀ ਕਰੀਏ । ਅਲੱਾਹ ਤਆਲਾ ਨੇ ਅਪਣੇ ਫ਼ਜ਼ਲ ਨਾਲ ਜਮਾਤ ਦੇ ਵਸੀਲਿਆਂ ਵਿੱਚ ਪਹਿਲਾਂ ਤੋਂ ਕਿਤੇ ਵਧੱਕੇ ਸਮਰਥਾ ਪੈਦਾ ਕਰਕ ਦਿੱਤੀ ਹੈ ਅਤੇ ਜਮਾਤੀ ਵਿਵਸਥਾ ਹੇਠ ਵੀ ਮਹਿਮਾਨਾ ਦੀ ਮਹਿਮਾਨ ਨਵਾਜ਼ੀ ਹੁੰਦੀ ਹੈ ਪਰ ਸਾਹਾਬਾ ਦੇ ਅਜਿਹੇ ਹਾਲਾਤ ਨਹੀਂ ਸਨ ਨ ਕੋਈ ਕੇਂਦਰੀ ਵਿਵਸਥਾ ਸੀ ਅਤੇ ਉਹਨਾ ਦੇ ਵਿਅਕਤੀਗੱਤ ਹਾਲਾਤ ਅਜਿਹੇ ਸਨ ਕਿ ਉਹਨਾ ਨੂੰ ਸਮਰਥਾ ਹੋਵੇ, ਸਗੋਂ ਅਜਿਹੀਆਂ ਘਟਨਾਵਾਂ ਮਿਲਦੀਆਂ ਹਨ ਕਿ ਬੱਚਿਆਂ ਨੂੰ ਭੁਖੱਾ ਸੁਵਾ ਦਿਤੱਾ ਆਪ ਵੀ ਪਤੀ ਪਤਨੀ ਭੁੱਖੇ ਰਹੇ ਅਤੇ ਮਹਿਮਾਨ ਨੂੰ ਜੋ ਥੋੜਾ

ਬਹੁਤ ਖਾਣਾ ਸੀ ਖੁਆ ਦਿਤੱਾ ਅਤੇ ਫਿਰ ਉਹਨਾ ਦੇ ਇਸ ਕਰਮ ਨੂੰ ਰੱਬ ਨੇ ਚੰਗਾ ਸਰਾਹਿਆ ਤੇ ਖ਼ੁਸ਼ ਹੋਇਆ ਅਤੇ ਆਂਹਜ਼ਰਤ ਸਲਲੱਾਹੁ ਅਲੈਹਿ ਵਸਲੱਮ ਨੂੰ ਸੂਚਨਾ ਦਿੱਤੀ ਇਸ ਵਿਸ਼ੇਸ਼ ਘਟਨਾ ਦੀ । ਸੋ, ਉਹ ਲੋਕ ਜਿੰਨ੍ਹਾ ਦੀ ਜੀਵਨ ਸ਼ੈਲੀ ਅਪਨਾਉਣ ਦਾ ਸਾਨੂੰ ਆਦੇਸ਼ ਹੈ ਉਹ ਕੁਰਬਾਨੀ ਕਰਕੇ ਮਹਿਮਾਨ ਨਵਾਜ਼ੀ ਕਰਦੇ ਸਨ ਅਤੇ ਅੱਜ ਰੱਬ ਦੀ ਮਿਹਰ ਨਾਲ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਦੀ ਜਮਾਤ ਵਿੱਚ ਅਨੇਕਾਂ ਹੀ ਅਜਿਹੇ ਲੋਕ ਹਨ ਜੋ ਕੁਰਬਾਨੀ ਦੀ ਭਾਵਨਾ ਨਾਲ ਮਹਿਮਾਨ ਨਵਾਜ਼ੀ ਕਰਦੇ ਹਨ ਅਤੇ ਇਹੋ ਸਾਨੂੰ ਕਰਨਾ ਚਾਹੀਦਾ ਹੈ । ਕਾਰਕੁਨਾਨ ਜੋ ਡਿਊਟੀ ਉਪੱਰ ਹਨ, ਉਹਨਾ ਨੂੰ ਚਾਹੀਦਾ ਹੈ ਕਿ ਉਹਨਾ ਵਿੱਚੋਂ ਹਰ ਇਕ ਸੌ ਪ੍ਰਤੀਸ਼ਤ ਕੁਰਬਾਨੀ ਦੀ ਭਾਵਨਾ ਨਾਲ ਖ਼ੁਸ਼ ਅਖ਼ਲਾਕੀ ਦਾ ਮੁਜ਼ਾਹਰਾ ਕਰਦਿਆਂ ਹੋਇਆਂ ਮਹਿਮਾਨ ਨਵਾਜ਼ੀ ਕਰੇ । ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਦੀਆਂ ਅਜਿਹੀਆਂ ਬਹੁਤ ਸਾਰੀਆਂ ਘਟਨਾਵਾਂ ਹਨ ਜਿੰਨ੍ਹਾ ਤੋਂ ਆਪਦੀ ਮਹਿਮਾਨਾ ਦਾ ਮਾਣ ਰਖੱਣ ਤੇ ਮਹਿਮਾਨ ਨਵਾਜ਼ੀ ਦੇ ਉਤੱਮ ਮਿਆਰ ਦਿਖਾਈ ਦਿੰਦੇ ਹਨ ।

ਇਕ ਵਾਰ ਜੱਦ ਦੂਰ ਦੁਰਾਡਿਓਂ ਆਏ ਹੋਏ ਮਹਿਮਾਨ ਲੰਗਰਖ਼ਾਨੇ ਦੇ ਕਾਰਕੁਨਾ ਦੇ ਇਨਕਾਰ ਕਰਕੇ ਨਰਾਜ਼ ਹੋਕੇ ਵਾਪਸ ਚਲੇ ਗਏ ਅਤੇ ਹਜ਼ਰਤ ਮਸੀਹ ਮਊਦ ਅਲੈਹਿ ਸਲਾਮ ਨੂੰ ਇਸ ਗੱਲ ਨਾ ਪਤਾ ਲਗੱਾ ਤਾਂ ਬਿਆਨ ਕੀਤਾ ਜਾਂਦਾ ਹੈ ਕਿ ਆਪ ਅਜਿਹੀ ਹਾਲਤ ਵਿੱਚ ਕਿ ਜੁੱਤੀ ਪਾਉਂਣੀ ਵੀ ਮੁਸ਼ਕਲ ਸੀ ਛੇਤੀ ਛੇਤੀ ਉਹਨਾ ਦੇ ਪਿੱਛੇ ਚਲੇ ਗਏ । ਉਹ ਲੋਕ ਟਾਂਗੇ ਉਪੱਰ ਜਾ ਰਹੇ ਸਨ । ਬਹਿਰ ਹਾਲ ਜੱਦ ਉਹਨਾਂ ਲੋਕਾਂ ਨੇ ਦੇਖਿਆ ਕਿ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਆਪ ਆ ਰਹੇ ਹਨ ਤਾਂ ਉਹਨਾ ਨੂੰ ਦੇਖਕੇ ਟਾਂਗਾ ਖੜਾ ਕੀਤਾ ਅਤੇ ਟਾਂਗੇ ਤੋਂ ਉਤਰੇ । ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਨੇ ਉਹਨਾ ਤੋਂ ਖਿਮਾ ਜਾਚਨਾ ਕੀਤੀ ਅਤੇ ਵਾਪਸ ਚਲੱਣ ਨੂੰ ਕਿਹਾ ਅਤੇ ਉਹਨਾਂ ਦਾ ਟਾਂਗਾ ਵਾਪਸ ਮੋੜਿਆ । ਆਪਨੇ ਉਹਨਾ ਨੂੰ ਕਿਹਾ ਕਿ ਆਪ ਟਾਂਗੇ ਉਪੱਰ ਬੈਠਣ ਅਤੇ ਮੈਂ ਪੈਦਲ ਨਾਲ ਨਾਲ ਚਲਦਾ ਹਾਂ । ਮਹਿਮਾਨ ਵੀ ਸ਼ਰਮਿੰਦੇ ਹੋਏ ਅਤੇ ਟਾਂਗੇ ਉਪੱਰ ਨ ਬੈਠੇ ਸਗੋਂ ਪੈਦਲ ਹੀ ਚਲਦੇ ਰਹੇ । ਅਖ਼ੀਰ ਜੱਦ ਇਹ ਲੋਕ ਵਾਪਸ ਲੰਗਰਖ਼ਾਨੇ ਆਏ ਤਾਂ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਨੇ ਆਪ ਉਹਨਾ ਦਾ ਸਮਾਨ ਲਾਹੁਣਾ ਸ਼ੁਰੂ ਕਰ ਦਿਤੱਾ । ਇਸ'ਤੇ ਨੌਜੁਆਨ ਜੋ ਪਹਿਲਾਂ ਹੀ ਸ਼ਰਮਿੰਦੇ ਹੋ ਰਹੇ ਸਨ ਉਹ ਛੇਤੀ ਛੇਤੀ ਅੱਗੇ ਵਧੇ ਅਤੇ ਉਹਨਾਂ ਮਹਿਮਾਨਾ ਦਾ ਸਾਰਾ ਸਮਾਨ ਲਾਹਿਆ । ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਉਹਨਾ ਚਿਰ ਉੱਥੇ ਹੀ ਰਹੇ ਜੱਦ ਤੱਕ ਉਹਨਾ ਦੀ ਰਿਹਾਇਸ਼ ਤੇ ਖਾਣੇ ਦਾ ਤਸੱਲੀ ਬਖ਼ਸ਼ ਪ੍ਰਬੰਧ ਨਹੀਂ ਹੋ ਗਿਆ । ਆਪ ਨੇ ਆਪਣੇ ਕਾਰਕੁਨਾ ਨੂੰ ਫ਼ਰਮਾਇਆ ਕਿ ਦੇਖੋ ਬਹੁਤ ਸਾਰੇ ਮਹਿਮਾਨ ਆਏ ਹੁੰਦੇ ਹਨ । ਕਈਆਂ ਨੂੰ ਤੁਸੀਂ ਜਾਣਦੇ ਹਨ ਅਤੇ ਕਈਆਂ ਨੂੰ ਨਹੀਂ ਜਾਣਦੇ । ਇਸ ਲਈ ਉਚਿਤ ਇਹੋ ਹੈ ਕਿ ਸਾਰਿਆਂ ਨੂੰ ਸਨਮਾਨ ਯੋਗ ਜਾਣਕੇ ਉਹਨਾ ਦੀ ਟਹਿਲ ਸੇਵਾ ਕਰੋ । ਫ਼ਰਮਾਇਆ ਕਿ ਤੁਹਾਡੇ ਉਪੱਰ ਮੇਰਾ ਚੰਗਾ ਭਰੋਸਾ ਹੈ ਕਿ ਤੁਸੀਂ ਮਹਿਮਾਨਾ ਨੂੰ ਆਰਾਮ ਦਿੰਦੇ ਹੋ । ਸੋ, ਇਹ ਚੰਗਾ ਭਰੋਸਾ ਅਸੀਂ ਅੱਜ ਵੀ ਕਾਇਮ ਰਖੱਣਾ ਹੈ ।

ਹਜ਼ੂਰ ਅਨਵਰ ਨੇ ਫ਼ਰਮਾਇਆ : ਇਸ ਦੇ ਬਾਦ ਮੈਂ ਮਹਿਮਾਨਾ ਨੂੰ ਵੀ ਕੁਝ ਆਖਣਾ ਚਾਹੁੰਦਾ ਹਾਂ, ਇਕ ਤਾਂ ਇਹ ਕਿ ਇਕ ਦੂਜੇ ਦੀਆਂ ਭਾਵਨਾਵਾਂ ਦਾ ਖ਼ਿਆਲ ਰਖੱਣਾ ਸਾਰਿਆਂ ਦਾ ਕਰਤਵ ਹੈ, ਮਹਿਮਾਨਾ ਦਾ ਵੀ ਅਤੇ ਮੇਜ਼ਬਾਨਾ ਦਾ ਵੀ । ਜਿੱਥੇ ਇਸਲਾਮ ਸਾਨੂੰ ਮਹਿਮਾਨਾ ਦਾ ਸਨਮਾਨ ਕਰਨ ਦਾ ਆਦੇਸ਼ ਦਿੰਦਾ ਹੈ ਉੱਥੇ ਨਾਲ ਹੀ ਮਹਿਮਾਨਾ ਨੂੰ ਵੀ ਆਦੇਸ਼ ਦਿੰਦਾ ਹੈ ਕਿ ਤੁਸੀਂ ਮੇਜ਼ਬਾਨਾ ਉਪੱਰ ਬਹੁਤਾ ਭਾਰ ਨ ਬਣੋ । ਆਂਹਜ਼ਰਤ ਸਲਲੱਾਹੁ ਅਲੈਹਿ ਵਸਲੱਮ ਨੇ ਫ਼ਰਮਾਇਆ ਕਿ ਬਹੁਤਾ ਲੰਮਾ ਸਮਾਂ ਕਿਸੇ ਕੋਲ ਠਹਿਰਨਾ ਘਰ ਵਾਲਿਆਂ ਲਈ ਭਾਰ ਹੁੰਦਾ ਹੈ। ਉਹ ਇਸ ਪ੍ਰਕਾਰ ਹੈ ਸੰਭਵਤਾ ਤੁਸੀਂ ਸਦਕਾ (ਦਾਨ) ਲੈ ਰਹੇ ਹੋ । ਹਰ ਇਕ ਦੇ ਹਾਲਾਤ ਅਜਿਹੇ ਨਹੀਂ ਹੁੰਦੇ ਕਿ

ਅਰੰਭ ਤੋਂ ਲੈਕੇ ਅੰਤ ਤੱਕ ਇੱਕੋ ਜਿਹੀ ਮਹਿਮਾਨ ਨਵਾਜ਼ੀ ਕਰ ਸਕਣ, ਤਾਂ ਮਹਿਮਾਨ ਨੂੰ ਵੀ ਇਹ ਆਦੇਸ਼ ਹੈ ਕਿ ਤੁਸੀਂ ਵੀ ਘਰ ਵਾਲਿਆਂ ਦਾ ਖ਼ਿਆਲ ਰੱਖੋ । ਇੱਥੇ ਪ੍ਰਬੰਧਕਾਂ ਨੂੰ ਵੀ ਮੈਂ ਇਹ ਵੀ ਕਹਿ ਦਿਆਂ ਕਿ ਸਾਡੇ ਜਲਸੇ ਉਪੱਰ ਆਏ ਹੋਏ ਮਹਿਮਾਨ ਜੇਕਰ ਇਕ ਮਹੀਨਾ ਵੀ ਠਹਿਰਦੇ ਹਨ ਤਾਂ ਉਹਨਾ ਦੀ ਮਹਿਮਾਨ ਨਵਾਜ਼ੀ ਕਰਨੀ ਹੈ । ਇਹ ਨ ਸਮਝਣ ਕਿ ਤਿੰਨ ਚਾਰ ਦਿਨ ਦੇ ਬਾਦ ਅਸੀਂ ਮਹਿਮਾਨ ਨਵਾਜ਼ੀ ਖ਼ਤਮ ਕਰ ਦੇਣੀ ਹੈ । ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਨੇ ਆਪਣੇ ਕੰਮਾ ਦੇ ਹਵਾਲਿਆਂ ਨਾਲ ਲੰਗਰਖ਼ਾਨੇ ਦੀ ਸਥਾਪਨਾ ਨੂੰ ਵੀ ਇਕ ਵਿਭਾਗ ਕਰਾਰ ਦਿੱਤਾ ਹੈ ਇਸ ਲਈ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਦੇ ਲੰਗਰ ਵਿੱਚ ਆਉਣ ਵਾਲਿਆਂ ਨੇ ਨਾਲ ਉਤੱਮ ਅਖ਼ਲਾਕ ਦਾ ਪ੍ਰਕਟਨ ਹੋਣਾ ਚਾਹੀਦਾ ਹੈ ।

ਫਿਰ ਇਕ ਆਦੇਸ਼ ਸੁੰਦਰ ਸਮਾਜ ਦਾ ਹੈ । ਜਿਸ'ਤੇ ਮਹਿਮਾਨਾ ਨੂੰ ਵਿਸ਼ੇਸ਼ ਰੂਪ ਵਿੱਚ ਇਸ ਜਲਸੇ ਦੇ ਵਾਤਾਵਰਣ ਵਿੱਚ ਅਮਲ ਕਰਨਾ ਚਾਹੀਦਾ ਹੈ ਉਹ ਸਲਾਮ ਨੂੰ ਰਿਵਾਜ ਦੇਣਾ ਹੈ । ਆਂਹਜ਼ਰਤ ਸਲਲੱਾਹੁ ਅਲੈਹਿ ਵਸਲੱਮ ਨੇ ਸਵਰਗ ਵਿੱਚ ਜਾਣ ਵਾਲਿਆਂ ਦੀ ਇਕ ਵਿਸ਼ੇਸ਼ੇ ਖ਼ੂਬੀ ਇਹ ਵੀ ਦੱਸੀ ਸੀ ਕਿ ਉਹ ਸਲਾਮ ਨੂੰ ਰਿਵਾਜ ਦੇਣ ਵਾਲੇ ਹਨ । ਫਿਰ ਆਪ ਨੇ ਫ਼ਰਮਾਇਆ ਕਿ ਜਿਸਨੂੰ ਤੁਸੀਂ ਜਾਣਦੇ ਹੋ ਜਾਂ ਨਹੀਂ ਜਾਣਦੇ ਤੁਸੀਂ ਉਹਨਾ ਨੂੰ ਸਲਾਮ ਕਰੋ ਅਤੇ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਨੇ ਵੀ ਜਲਸੇ ਦੇ ਉਦੇਸ਼ਿਆਂ ਵਿੱਚੋਂ ਇਕ ਉਦੇਸ਼ ਇਹ ਵਰਨਣ ਕੀਤਾ ਹੈ ਹੈ ਲੋਕ ਇਕਤੱਰ ਹੋਰ ਅਤੇ ਇਸ ਪ੍ਰਕਾਰ ਇਕਤੱਰ ਹੋਣ ਨਾਲ ਪ੍ਰੇਮ ਦਾ ਸੰਬੰਧ ਤੇ ਪਰੀਚੇ ਆਪੋ ਵਿੱਚ ਵਧੇ । ਇਉਂ ਆਪੋ ਵਿੱਚ ਦੀਆਂ ਰੰਜਿਸ਼ਾਂ (ਵੈਰ ਵਿਰੋਧ) ਵੀ ਦੂਰ ਹੋਣਗੀਆਂ । ਫਿਰ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਨੇ ਫ਼ਰਮਾਇਆ ਕਿ ਜਲਸੇ ਵਿੱਚ ਆਣਕੇ ਇਸ ਉਦੇਸ਼ ਨੂੰ ਪੂਰਾ ਕਰਨ ਦਾ ਵੀ ਜਤਨ ਹੋਣਾ ਚਾਹੀਦਾ ਹੈ ਕਿ ਦੁਨੀਆ ਦਾ ਮੋਹ ਠੰਡਾ ਹੋਵੇ ਅਤੇ ਆਪਣੇ ਮੌਲਾ ਕਰੀਮ (ਰੱਬ) ਤੇ ਰਸੂਲੇ ਮਕਬੂਲ ਸਲਲੱਾਹੁ ਅਲੈਹਿ ਵਸਲੱਮ ਦੇ ਪ੍ਰੇਮ ਗ਼ਾਲਬ ਆ ਜਾਏ । ਸੋ, ਇਸ ਪ੍ਰੇਮ ਦੀ ਪ੍ਰਾਪਤੀ ਲਈ ਜਲਸੇ ਦੇ ਪ੍ਰੋਗਰਾਮ ਵਿੱਚ ਵਿਸ਼ੇਸ਼ ਰੂਪ ਵਿੱਚ ਸ਼ਾਮਲ ਹੋਣ ਇਸ ਨੂੰ ਸੁਣਨ ਤੇ ਗ਼ੌਰ ਕਰਨ । ਜਲਸਾ ਸੁਣਦੇ ਸਮੇਂ ਵੀ ਅਤੇ ਚਲਦਿਆਂ ਫਿਰਦਿਆਂ ਵੀ ਇਲਾਹੀ ਸਿਮਰਣ ਕਰਦੇ ਰਹਿਣ ਅਤੇ ਨਮਾਜ਼ਾਂ ਜਮਾਤ ਨਾਲ ਵਿਸ਼ੇਸ਼ ਚਿੰਤਾ ਤੇ ਧਿਆਨ ਨਾਲ ਪੜ੍ਹਨ ਅਤੇ ਨਫ਼ਲ ਤੇ ਤਹੱਜੁਦ ਪੜ੍ਹਨ ਵੱਲ ਵਿਸ਼ੇਸ਼ ਧਿਆਨ ਦੇਣ । ਵਿਸ਼ੇਸ਼ ਰੂਪ ਵਿੱਚ ਜੋ ਇੱਥੇ ਠਹਿਰੇ ਹਨ । ਉਹ ਮਾਹੌਲ ਨੂੰ ਪਵਿੱਤਰ ਤੋਂ ਪਵਿੱਤਰ ਕਰਨਾ ਦਾ ਜਤਨ ਕਰਦੇ ਚਲੇ ਜਾਣ ਆਪਣੀਆਂ ਹਾਲਤਾਂ ਵਿੱਚ ਚੰਗਿਆਈਆਂ ਪੈਦਾ ਕਰਨ ਦਾ ਜਤਨ ਕਰਨ ।

ਇਸੇ ਪ੍ਰਕਾਰ ਪ੍ਰਬੰਧਕੀ ਪੱਖੋਂ ਵੀ ਮਹਿਮਾਨ ਇਸ ਗੱਲ ਦਾ ਖ਼ਿਆਲ ਰਖੱਣ ਕਿ ਅਸਥਾਈ ਤੇ ਵਿਸ਼ਾਲ ਪ੍ਰਬੰਧ ਵਿੱਚ ਕੁਝ ਕਮੀਆਂ ਰਹਿ ਜਾਂਦੀਆਂ ਹਨ ਜੇਕਰ ਕਿਤੇ ਕੋਈ ਅਜਿਹੀ ਅਵਸਥਾ ਦੇਖਣ ਤਾਂ ਨਜ਼ਰ ਅੰਦਾਜ਼ ਕਰਨ । ਅਤੇ ਜੇਕਰ ਅਜਿਹੀਆਂ ਕਮੀਆਂ ਦੇਖਣ ਤਾਂ ਕਾਰਕੁਨਾ ਦਾ ਹੱਥ ਵੰਡਾਉਣ । ਮੈਂ ਦੇਖਿਆ ਹੈ ਕਈ ਮਹਿਮਾਨ ਬਹੁਤ ਸ਼ੌਕ ਨਾਲ ਆਪ ਮਹਿਮਾਨ ਨਵਾਜ਼ ਬਣਕੇ ਕੰਮ ਕਰਨਾ ਸ਼ੁਰੂ ਕਰ ਦਿੰਦੇ ਹਨ । ਇਹੋ ਭਾਵਨਾ ਇਕ ਅਹਮਦੀ ਦੀ ਹੋਣੀ ਚਾਹੀਦੀ ਹੈ ਅਤੇ ਇਹੋ ਉਹ ਹਕੀਕੀ ਆਤਮਾ ਹੈ ਜੋ ਆਪੋ ਵਿੱਚ ਪ੍ਰੇਮ ਭਾਵਨਾ ਦੇ ਸਮਾਜ ਨੂੰ ਸਥਾਪਤ ਕਰਦੀ ਹੈ । ਮਹਿਮਾਨ ਕੇਵਲ ਕਾਰਕੁਨਾ ਨੂੰ ਪਰਖਣ ਤੇ ਪ੍ਰੀਖਿਆ ਲੈਂਣ ਵਿੱਚ ਆਪਣਾ ਸਮਾਂ ਨਸ਼ਟ ਨ ਕਰਨ, ਸਗੋਂ ਲੋੜ ਪੈਣ'ਤੇ ਹਰ ਵਿਭਾਗ ਵਿੱਚ ਜਿਵੇਂ ਕਿ ਮੈਂ ਕਿਹਾ ਆਪ ਸਹਾਇਕ ਬਣ ਜਾਣ । ਇਸੇ ਪ੍ਰਕਾਰ ਪਾਰਕਿੰਗ ਆਦਿ ਵਿੱਚ ਵੀ ਕਈ ਵਾਰ ਰਸ਼ ਦੀ ਅਵਸਥਾ ਵਿੱਚ ਐਮਰਜੈਂਸੀ ਪੈਦਾ ਹੋ ਜਾਂਦੀ ਹੈ ਅਜਿਹੀ ਅਵਸਥਾ ਵਿੱਚ ਕਾਰਾਂ'ਤੇ ਆਉਣ

ਵਾਲੇ ਸਬਰ ਤੇ ਹੌਂਸਲੇ ਨਾਲ ਪ੍ਰਬੰਧਕਾ ਨਾਲ ਪੂਰਨ ਸਹਿਯੋਗ ਦੇਣ । ਇਸੇ ਪ੍ਰਕਾਰ ਦਾਖ਼ਲ ਹੋਣ ਦੇ ਮਾਰਗਾਂ'ਤੇ ਵੀ ਜਿੱਥੇ ਸਕੈਨਿੰਗ ਆਦਿ ਦਾ ਪ੍ਰਬੰਧ ਹੈ ਉੱਥੇ ਹਰ ਇਕ ਨੂੰ ਪੂਰਨ ਰੂਪ ਵਿੱਚ ਸਬਰ ਦਾ ਪ੍ਰਗਟਾਵਾ ਕਰਨਾ ਚਾਹੀਦਾ ਹੈ।

ਫਿਰ ਜਲਸਾਗਾਹ ਵਿੱਚ ਬੈਠਣ ਵਾਲੇ ਆਪਣੇ ਸੱਜੇ ਖੱਬੇ ਨਜ਼ਰ ਰਖੱਣ, ਇਸੇ ਪ੍ਰਕਾਰ ਚਲਦਿਆਂ ਫ਼ਿਰਦਿਆਂ ਹੋਇਆਂ ਵੀ ਵਾਤਾਵਰਣ ਉਪੱਰ ਨਜ਼ਰ ਰਖੱਣ ਸਿਕਿਓਰਟੀ ਦੇ ਹਵਾਲਿਆਂ ਨਾਲ ਪ੍ਰਬੰਧਕ ਜੋ ਵੀ ਨਿਰਦੇਸ਼ ਦੇਣ ਉਸ'ਤੇ ਅਮਲ ਕਰਨ ਦਾ ਪੂਰਾ ਜਤਨ ਕਰਨ ਅਤੇ ਸਭ ਤੋਂ ਵਧੱਕੇ ਇਹ ਕਿ ਜਲਸੇ ਦੀ ਸਫ਼ਲਤਾ ਅਤੇ ਆਪਣੇ ਜਲਸੇ ਵਿੱਚ ਆਉਣ ਦੇ ਉਦੇਸ਼ ਨੂੰ ਪੂਰਾ ਕਰਨ ਅਤੇ ਹਰ ਸ਼ਰਾਰਤੀ ਅੰਸਰ ਤੋਂ ਬਚਣ ਲਈ ਨਿਰੰਤਰ ਦੁਆ ਕਰਦੇ ਰਹਿਣਾ ਚਾਹੀਦਾ ਹੈ । ਇਹਨਾ ਦਿਨਾਂ ਵਿੱਚ ਪਾਕਿਸਤਾਨ ਵਿੱਚ ਵੀ ਅਹਮਦੀਆਂ ਦੇ ਹਾਲਾਤ ਬਾਰੇ ਦੁਆ ਕਰਨ । ਅਲੱਾਹ ਤਆਲਾ ਉਹਨਾ ਨੂੰ ਵੀ ਅਮਨ ਦਾ ਜੀਵਨ ਪ੍ਰਦਾਨ ਕਰੇ । ਅਲੱਾਹ ਤਆਲਾ ਇਹਨਾ ਨੂੰ ਹਰ ਬੁਰਿਆਈ ਤੋਂ ਸੁਰੱਖਿਅਤ ਰੱਖੇ । ਵਿਰੋਧੀਆਂ ਦੇ ਨਵੇਂ ਜਾਂ ਪੁਰਾਣੇ ਮਨਸੂਬਿਆਂ ਨੂੰ ਅਸਫ਼ਲ ਤੇ ਨਾਮੁਰਾਦ ਕਰ ਦੇਵੇ ।

ਹਜ਼ੂਰ ਅਨਵਰ ਨੇ ਫ਼ਰਮਇਆ : ਇਸ ਤੋਂ ਬਿਨਾ ਇਕ ਐਲਾਨ ਹੈ, ਐਮ ਟੀ ਏ ਵੱਲੋਂ । ਇਹਨਾ ਦੀ ਅੱਜ ਇਕ ਨਵੀਂ ਐਪ ਲਾਂਚ ਹੋਵੇਗੀ, ਜੋ ਸਮਾਰਟ ਟੀ.ਵੀ ਐਪ ਹੈ । ਕਿਸੇ ਵੀ ਦੇਸ਼ ਵਿੱਚ ਇਸ ਐਪ ਨੂੰ ਡਾਉਨ ਲੋਡ ਕਰਕੇ ਐਲ.ਜੀ., ਫ਼ਿਲਿਪਸ, ਐਮਾਜ਼ੋਨ, ਫ਼ਾਇਰ ਟੀਵੀ, ਸੋਨੀ ਅਤੇ ਰਾਇਡ ਕੇ ਟੀਵੀ ਸੈਟਸ ਉਪੱਰ ਡਿਸ਼ ਐਂਟੀਨਿ ਦੇ ਬਿਨਾ ਵੀ ਐਮਟੀਏ ਦੇ ਸਾਰੇ ਚੈਨਲਜ਼ ਦੇਖੇ ਜਾ ਸਕਦੇ ਹਨ । ਰੱਬ ਦੀ ਮਿਹਰ ਨਾਲ ਜੋ ਬਾਹਰ ਰਹਿਣ ਵਾਲੇ ਹਨ ਉਹ ਇਸ ਤੋਂ ਲਾਭ ਚੁੱਕ ਸਕੱਦੇ ਹਨ । ਹੁਣੇ ਜੁਮਏ ਦੇ ਬਾਦ ਇਸ ਨੂੰ ਲਾਂਚ ਵੀ ਕਰ ਦਿਆਂਗਾ । ਅਲੱਾਹ ਤਆਲਾ ਜਲਸੇ ਨੂੰ ਹਰ ਪੱਖੋਂ ਬਰਕਤਾਂ ਭਰਪੂਰ ਬਣਾਏ ਅਤੇ ਆਪ ਸਾਰਿਆਂ ਨੂੰ ਇਸ ਤੋਂ ਭਰਪੂਰ ਲਾਭ ਚੁਕੱਣ ਦੀ ਤੌਫ਼ੀਕ ਪ੍ਰਦਾਨ ਕਰੇ ।

★★★★ ਖ਼ੁਤਬਾ ਸਾਨੀਆ ★★★★

**Khulasa Khutba Jumma 02.08.2019**
Delivered By : Hadhrat Khalifatul Masih Vth (atba)
Summarized by : Majlis Ansarullah Bharat
Tarnslated by : Shamshad Ahmad Eden, from Punjabi Desk
From : Nazarat Nashr-o-Isha'at Qadian-143516, Distt. Gurdaspur, Punjab (INDIA)

Toll Free Shoba Noorul Islam-1800-3010-2131